**ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ**

# Pacific HeartBeat

ਜਾਣਕਾਰੀ ਸ਼ੀਟ

## ਓਪਨ ਹਾਰਟ ਸਰਜਰੀ ਕਰਵਾ ਰਹੇ ਵਿਅਕਤੀਆਂ ਲਈ ਸੁਨੇਹਾ

ਪਿਆਰੇ ਦੋਸਤੋ,

ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ (ਪੀ ਓ ਐੱਚ ਏ) ਦੇ ਮੈਂਬਰਾਂ ਵਜੋਂ, ਅਸੀਂ ਐਸੋਸੀਏਸ਼ਨ ਦੇ ਉਦੇਸ਼ ਅਤੇ ਟੀਚੇ ਬਾਰੇ ਦੱਸਣਾ ਚਾਹਾਂਗੇ।

ਸਾਡੀ ਸਾਰਿਆਂ ਦੀ ਓਪਨ ਹਾਰਟ ਸਰਜਰੀ ਹੋਈ ਹੈ (ਦਿਲ ਦਾ ਅਪਰੇਸ਼ਨ ਹੋਇਆ ਹੈ) ਅਤੇ ਅਸੀਂ ਸਰਜਰੀ ਤੋਂ ਪਹਿਲਾਂ ਅਤੇ ਬਾਅਦ ਵਿਚ ਕਦੇ ਕਦੇ ਪਰੇਸ਼ਾਨ ਕਰਨ ਵਾਲੇ ਸਮੇਂ ਦੌਰਾਨ ਹੱਲਾਸ਼ੇਰੀ ਅਤੇ ਉਤਸ਼ਾਹ ਦੇ ਸਕਦੇ ਹਾਂ।

ਤਜਰਬਾ ਇਹ ਦਿਖਾਉਂਦਾ ਹੈ ਕਿ "ਦਿਲ ਦੀ ਸਰਜਰੀ ਵਾਲੇ" ਕਿਸੇ ਵਿਅਕਤੀ ਨੂੰ ਮਿਲਣਾ ਅਤੇ ਉਸ ਨਾਲ ਗੱਲਬਾਤ ਕਰਨਾ ਮਰੀਜ਼ ਅਤੇ ਪਰਿਵਾਰ ਦੋਨਾਂ ਲਈ ਫਾਇਦੇਮੰਦ ਹੁੰਦਾ ਹੈ।

ਸਾਡੇ ਕਿਸੇ ਮੈਂਬਰ ਨੂੰ ਤੁਹਾਡੇ ਸਵਾਲਾਂ ਦੇ ਜਵਾਬ ਦੇ ਕੇ ਖੁਸ਼ੀ ਹੋਵੇਗੀ ਅਤੇ ਉਹ ਤੁਹਾਨੂੰ ਤੁਹਾਡੀ ਮਦਦ ਕਰਨ ਵਾਲੀਆਂ ਸੇਵਾਵਾਂ ਬਾਰੇ ਦੱਸੇਗਾ।

ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਸਾਡੇ ਟੀਮ ਮੈਂਬਰ ਵਾਲੰਟੀਅਰ ਹਨ। ਉਹ ਕੋਈ ਡਾਕਟਰੀ ਸਲਾਹ ਦੇਣ ਦੇ ਯੋਗ ਨਹੀਂ ਹਨ। ਜੇ ਤੁਹਾਡੇ ਕੋਈ ਮੈਡੀਕਲ ਫਿਕਰ ਹੋਣ ਤਾਂ ਤੁਹਾਨੂੰ ਇਨ੍ਹਾਂ ਬਾਰੇ ਹਸਪਤਾਲ ਦੇ ਸਟਾਫ ਨਾਲ ਗੱਲ ਕਰਨੀ ਚਾਹੀਦੀ ਹੈ।

## ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਦਾ ਇਤਿਹਾਸ

ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ, ਜੋ ਕਿ ਇਕ ਰਜਿਸਟਰਸ਼ੁਦਾ ਚੈਰਿਟੀ ਹੈ, 1986 ਵਿਚ ਸ਼ੁਰੂ ਕੀਤੀ ਗਈ ਸੀ ਅਤੇ ਬੀ.ਸੀ. ਸੁਸਾਇਟੀਜ਼ ਐਕਟ ਹੇਠ 1988 ਵਿਚ ਇਨਕਾਰਪੋਰੇਟ ਕੀਤੀ ਗਈ ਸੀ। ਸਾਡੇ ਮੈਂਬਰ ਬ੍ਰਿਟਿਸ਼ ਕੋਲੰਬੀਆ ਅਤੇ ਯੂਕੋਨ ਤੋਂ ਹਨ।

ਸਾਡੀ ਮੈਂਬਰਸ਼ਿਪ ਵਿਚ ਜ਼ਿੰਦਗੀ ਦੇ ਸਾਰੇ ਖੇਤਰਾਂ ਦੇ ਲੋਕ ਹਨ ਜਿਨ੍ਹਾਂ ਵਿਚ ਇਕ ਸਾਂਝ ਹੈ – ਓਪਨ ਹਾਰਟ ਸਰਜਰੀ ਤੋਂ ਬਾਅਦ ਇਕ "ਨਵੀਂ ਜ਼ਿੰਦਗੀ"।

ਸਾਡਾ ਹਸਪਤਾਲ ਵਿਚ ਮਿਲਣ ਆਉਣ ਦਾ ਇਕ ਪ੍ਰੋਗਰਾਮ ਹੈ, ਜਿਸ ਵਿਚ ਟੀਮ ਦੇ ਉਹ ਮੈਂਬਰ ਸ਼ਾਮਲ ਹੁੰਦੇ ਹਨ ਜਿਹੜੇ ਮਰੀਜ਼ਾਂ ਨੂੰ ਉਨ੍ਹਾਂ ਦੇ ਹਸਪਤਾਲ ਵਿਚ ਹੋਣ ਦੌਰਾਨ ਮਿਲਣ ਲਈ ਜਾਂਦੇ ਹਨ। ਇਹ ਪ੍ਰੋਗਰਾਮ ਓਪਨ ਹਾਰਟ ਸਰਜਰੀ ਕਰਨ ਵਾਲੇ ਹਸਪਤਾਲਾਂ – ਸੇਂਟ ਪੌਲਜ਼ ਹਸਪਤਾਲ, ਵੈਨਕੂਵਰ ਜਨਰਲ ਹਸਪਤਾਲ ਅਤੇ ਰੌਇਲ ਕੋਲੰਬੀਅਨ ਹਸਪਤਾਲ ਵਿਚ ਸ਼ੁਰੂ ਹੋਇਆ ਸੀ ਅਤੇ ਬ੍ਰਿਟਿਸ਼ ਕੋਲੰਬੀਆ ਦੀ ਲੋਅਰ ਮੇਨਲੈਂਡ ਦੇ ਉਨ੍ਹਾਂ ਹਸਪਤਾਲਾਂ ਤੱਕ ਵਧਾ ਦਿੱਤਾ ਗਿਆ ਸੀ ਜਿੱਥੇ ਮਰੀਜ਼ ਓਪਨ ਹਾਰਟ ਸਰਜਰੀ ਲਈ ਤਬਦੀਲ ਕੀਤੇ ਜਾਣ ਦੀ ਉਡੀਕ ਕਰ ਰਹੇ ਹੁੰਦੇ ਹਨ।

ਸਾਡੀ ਮਿਲਣ ਆਉਣ ਵਾਲੀ ਟੀਮ ਹਰ ਹਫਤੇ ਤਕਰੀਬਨ ਪੰਜਾਹ ਮਰੀਜ਼ਾਂ ਨੂੰ ਮਿਲਦੀ ਹੈ। ਅਸੀਂ ਜਿਹਨਾਂ ਹਸਪਤਾਲਾਂ ਵਿਚ ਜਾਂਦੇ ਹਾਂ, ਉਥੋਂ ਦੇ ਕਾਰਡੀਐਕ ਸਰਜਨ, ਕਾਰਡੀਓਲੋਜਿਸਟਸ ਅਤੇ ਨਰਸਿੰਗ ਸਟਾਫ ਸਾਡੇ ਮਿਲਣ ਆਉਣ ਦੇ ਪ੍ਰੋਗਰਾਮ ਦਾ ਸਮਰਥਨ ਕਰਦੇ ਹਨ ਅਤੇ ਇਸ ਦੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਫਾਇਦੇਮੰਦ ਨਤੀਜਿਆਂ ਦੀ ਰਿਪੋਰਟ ਦਿੰਦੇ ਹਨ।

## ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਦੇ ਉਦੇਸ਼

- ਓਪਨ ਹਾਰਟ ਸਰਜਰੀ ਕਰਵਾਉਣ ਵਾਲੇ ਮਰੀਜ਼ਾਂ ਨੂੰ ਉਤਸ਼ਾਹ ਦੇਣਾ ਅਤੇ ਇਸ ਲਈ ਤਿਆਰ ਹੋਣ ਵਿਚ ਮਦਦ ਕਰਨਾ ਅਤੇ ਸਰਜਰੀ ਤੋਂ ਬਾਅਦ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਤਸ਼ਾਹ ਦੇਣਾ ਅਤੇ ਮਦਦ ਕਰਨਾ।
- ਓਪਨ ਹਾਰਟ ਸਰਜਰੀ ਕਰਵਾਉਣ ਵਾਲੇ ਲੋਕਾਂ ਨੂੰ ਸਾਡੇ *ਪੈਸੇਫਿਕ ਹਾਰਟਬੀਟ* ਨਿਊਜ਼ਲੈਟਰ, ਫੇਸਬੁੱਕ, ਵੈੱਬਸਾਈਟ, ਏ ਜੀ ਐੱਮ ਅਤੇ ਸਲਾਨਾ ਗੌਲਫ ਟੂਰਨਾਮੈਂਟ ਰਾਹੀਂ ਇਕੱਠੇ ਕਰਨਾ।
- ਘਰ ਨੂੰ ਲਿਜਾਣ ਵਾਲੀ ਜਾਣਕਾਰੀ ਰਾਹੀਂ ਮਰੀਜ਼ਾਂ ਨੂੰ ਸਿਖਿਅਤ ਕਰਨ ਲਈ ਵੱਖ ਵੱਖ ਸ੍ਰੋਤਾਂ ਤੋਂ ਫੰਡ ਲੈਣਾ, ਜਿਸ ਵਿਚ ਦਾਨ ਵੀ ਸ਼ਾਮਲ ਹੈ।
- ਲੋੜੀਂਦੀ ਸਾਮੱਗਰੀਆਂ ਪ੍ਰਦਾਨ ਕਰਨ ਲਈ ਹਸਪਤਾਲ ਦੀ ਮਦਦ ਕਰਨਾ ਜਿਹੜੀਆਂ ਮਰੀਜ਼ ਦੀ ਦੇਖਭਾਲ ਅਤੇ/ਜਾਂ ਆਰਾਮ ਵਿਚ ਸੁਧਾਰ ਕਰਦੀਆਂ ਹਨ।

---

ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਤੁਹਾਨੂੰ ਸਿਰਫ ਦਸ ਡਾਲਰਾਂ ਨਾਲ ਮੈਂਬਰ ਬਣਨ ਲਈ ਉਤਸ਼ਾਹ ਦਿੰਦੀ ਹੈ, ਜੋ ਕਿ ਫਾਰਮ ਨੂੰ ਆਪਣੀ ਪੇਮੈਂਟ ਨਾਲ ਵਾਪਸ ਭੇਜ ਕੇ ਕੀਤਾ ਜਾਂਦਾ ਹੈ।

ਕਿਰਪਾ ਕਰਕੇ ਬ੍ਰਿਟਿਸ਼ ਕੋਲੰਬੀਆ ਦੇ ਹਸਪਤਾਲਾਂ ਵਿਚਲੇ ਕਾਰਡੀਐਕ ਡਿਪਾਰਟਮੈਂਟਾਂ ਦੀ ਮਦਦ ਕਰਨ ਲਈ ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਨੂੰ ਟੈਕਸ ਵਿਚ ਭਰਨਯੋਗ ਦਾਨ ਦੇਣ ਬਾਰੇ ਵਿਚਾਰ ਕਰੋ। ਦਾਨੀਆਂ ਨੂੰ ਟੈਕਸ ਵਿਚ ਭਰਨ ਲਈ ਰਸੀਦਾਂ ਭੇਜੀਆਂ ਜਾਣਗੀਆਂ।

**ਪੀ ਓ ਐੱਚ ਏ ਵਿਜ਼ਟਰ ਦਾ ਨਾਂ:**

ਨਾਂ ______________________

ਫੋਨ ______________________

ਈਮੇਲ ______________________

PACIFIC OPEN HEART ASSOCIATION

https://www.pacificopenheart.org

**ਹਾਂ! ਮੈਂ ਪੈਸੇਫਿਕ ਓਪਨ ਹਾਰਟ ਐਸੋਸੀਏਸ਼ਨ ਵਿਚ ਸ਼ਾਮਲ ਹੋਣਾ ਚਾਹੁੰਦਾ/ਚਾਹੁੰਦੀ ਹਾਂ**

ਮੈਂ ਭੇਜੇ ਹਨ ☐ $10 ਇਕ ਸਾਲ ਦੀ ਮੈਂਬਰਸ਼ਿਪ ਦੇ ☐ $20 ਦੋ ਸਾਲਾਂ ਦੀ ਮੈਂਬਰਸ਼ਿਪ ਦੇ

ਦਾਨ ਦੀ ਰਕਮ (ਮਰਜ਼ੀ) $ ______________________

**ਕੁੱਲ** **$** ______________________

ਨਾਂ ______________________

ਸਟਰੀਟ ਐਡਰੈਸ ______________________

ਸਿਟੀ ______________________

ਪੋਸਟਲ ਕੋਡ ______________________

ਫੋਨ ______________________

ਈਮੇਲ ______________________

ਸਰਜਰੀ ਕਰਨ ਵਾਲਾ ਹਸਪਤਾਲ ______________________

ਮੇਰੀ ਇਸ ਵਿਚ ਵੀ ਦਿਲਚਸਪੀ ਹੈ: ☐ ਵਿਜ਼ਟਰ ਬਣਨਾ ☐ ਪੀ ਓ ਐੱਚ ਏ ਗੌਲਫ ਟੂਰਨਾਮੈਂਟ

ਕਿਰਪਾ ਕਰਕੇ ਆਪਣੀ ਚੈੱਕ ਇੱਥੇ ਡਾਕ ਰਾਹੀਂ ਭੇਜੋ:
Pacific Open Heart Association, PO Box 45001, Ocean Park PO, Surrey, B.C., V4A 9L1.

ਈ–ਟ੍ਰਾਂਸਫਰ ਰਾਹੀਂ ਪੇਮੈਂਟ **etransfer@pacificopenheart.org** ਨੂੰ ਭੇਜੀ ਜਾ ਸਕਦੀ ਹੈ।
ਮੈਸੇਜ ਵਾਲੀ ਥਾਂ ਵਿਚ ਕਿਰਪਾ ਕਰਕੇ "membership" ਲਿਖੋ।